ਸਲੋਕ 2

ਕੇਂਦਰੀ ਭਾਵ: ਸਿਮਰਨ ਹੀ ਸਿਰਫ਼ ਆਸਰਾ ਹੈ

'ਪਵਣ ਗੁਰੂ'। ਪਵਣ ਤਾਂ ਗੁਰੂ ਦੇ ਵਾਂਗ ਹੈ। ਸਾਡੀ ਦੇਹ ਤਾਂ ਮਿੱਟੀ ਦੀ ਹੈ ਅਤੇ ਇਸਦਾ ਬੋਲਣਾ ਪਵਣ ਕਰਕੇ ਹੈ। ਜਾਨਵਰ ਵੀ ਬੋਲਦੇ ਹਨ ਪਰ ਉਨ੍ਹਾਂ ਕੋਲ ਪੂਰੇ ਸ਼ਬਦ ਨਹੀਂ ਹਨ। ਸਿਰਫ਼ ਇਕ ਦੋ ਤਰਾਂ ਦੇ ਅਖ਼ਰ ਹੀ ਉਚਾਰਣ ਕਰ ਸਕਦੇ ਹਨ। ਸਾਰਾ ਵਿਚਾਰ-ਵਟਾਂਦਰਾ, ਸੰਪਰਕ, ਸੰਚਾਰ, ਸੁਨੇਹਾ ਸ਼ਬਦਾਂ ਨਾਲ ਹੀ ਹੁੰਦਾ ਹੈ। ਅਤੇ ਸ਼ਬਦ ਦਾ ਉਚਾਰਣ ਪਵਣ ਕਰਕੇ ਹੈ। ਪੈਗੰਬਰਾਂ ਨੇ ਵੀ ਗਿਆਨ ਸ਼ਬਦਾਂ ਰਾਹੀਂ ਦਰਸਾਇਆ ਹੈ। ਇਸ ਲਈ ਸ਼ਬਦ ਗੁਰੂ ਹੈ। ਅਤੇ ਸ਼ਬਦ ਦੇ ਪਿੱਛੇ ਉਹ ਪ੍ਰਮਾਤਮਾ ਆਪ ਲੁਕਿਆ ਹੈ। ਗੁਰੂ ਦੇ ਸ਼ਬਦ ਵਿੱਚ ਰੰਗੇ ਹੋਏ ਨੂੰ ਪਤਾ ਲੱਗ ਜਾਂਦਾ ਹੈ ਕਿ ਪ੍ਰਮਾਤਮਾ ਤੋਂ ਸੂਖਮ ਤੱਤ ਪਵਣ ਬਣਿਆ, ਪਵਣ ਤੋਂ ਜਲ ਹੋਂਦ ਵਿੱਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ ਅਤੇ ਇਸ ਰਚੇ ਸੰਸਾਰ ਦੇ ਹਰੇਕ ਘਟ ਵਿੱਚ ਪ੍ਰਮਾਤਮਾ ਦੀ ਜੋਤ ਸਮਾਈ ਹੋਈ ਹੈ। ਹਰੇਕ ਚੀਜ ਧਰਤੀ ਤੋਂ ਉਤਪੰਨ ਹੁੰਦੀ ਹੈ ਇਸ ਲਈ ਉਸਨੂੰ ਮਾਂ ਦਾ ਦਰਜਾ ਦਿੱਤਾ ਹੈ।

ਰਾਤ ਅਤੇ ਦਿਨ ਦਾਈ ਅਤੇ ਸੇਵਕ ਹਨ ਉਨ੍ਹਾਂ ਦੇ ਨਾਲ ਸਾਰਾ ਜਗਤ ਖੇਡ ਰਿਹਾ ਹੈ। ਸਮੇਂ ਦੇ ਨਾਲ ਸਾਰਾ ਜਗਤ ਖੇਡ ਰਿਹਾ ਹੈ। ਖੇਡਣ ਵਾਲੇ ਦੋ ਤਰ੍ਹਾਂ ਦੇ ਹਨ। ਇੱਕ ਜਿਨ੍ਹਾਂ ਨੇ ਨੌਕਰ ਨੂੰ, ਸੇਵਕ ਨੂੰ ਮਾਲਿਕ ਬਣਾ ਲਿਆ ਹੈ। ਅਤੇ ਇੱਕ ਜਿਨ੍ਹਾਂ ਨੇ ਨੌਕਰ ਨੂੰ, ਸੇਵਕ ਨੂੰ ਨੌਕਰ ਹੀ ਸਮਝਿਆ ਹੈ। ਸਮਾਂ ਤੁਹਾਡਾ ਮਾਲਿਕ ਨਹੀਂ ਹੈ, ਗੁਲਾਮ ਹੈ, ਤੁਸੀਂ ਉਸਦੀ ਵਰਤੋਂ ਕਰੋ। ਲੇਕਿਨ ਸਮੇਂ ਨੂੰ ਤੁਸੀਂ ਆਪਣੀ ਵਰਤੋਂ ਨਾ ਕਰਨ ਦੇਣਾ। ਹਾਲਤ ਬਿਲਕੁਲ ਉਲਟੀ ਹੈ। ਸਮਾਂ ਤੁਹਾਡੀ ਵਰਤੋਂ ਕਰ ਰਿਹਾ ਹੈ। ਧਿਆਨ ਕਰਨ ਦੇ ਲਈ ਵਕਤ ਨਹੀਂ ਹੈ। ਸਿਨੇਮਾ ਵੇਖਣ ਲਈ ਤੁਹਾਡੇ ਕੋਲ ਬਹੁਤ ਵਕਤ ਹੈ। ਇਹ ਹੀ ਆਦਮੀ ਜਦੋਂ ਸਵੇਰੇ ਅਖ਼ਬਾਰ ਪੜ੍ਹ ਰਿਹਾ ਹੁੰਦਾ ਹੈ ਇਸ ਕੋਲੋਂ ਪੁੱਛੋ ਕਿ ਕਰ ਰਹੇ ਹੋ, ਵਕਤ ਕੱਟ ਰਿਹਾ ਹਾਂ। ਇਹ ਹੀ ਆਦਮੀ ਵਕਤ ਕੱਟਦਾ ਹੈ ਜਿਆਦਾ ਵਕਤ ਹੈ। ਅਤੇ ਜਦੋਂ ਧਿਆਨ ਦੀ ਗੱਲ ਆਉਂਦੀ ਹੈ ਤਾਂ ਵਕਤ ਕਿੱਥੇ?ਇਸ ਤਰ੍ਹਾਂ ਬਹੁਤ ਵਕਤ ਹੈ, ਕੱਟਿਆ ਨਹੀਂ ਕੱਟਦਾ। ਟੈਲੀਵਿਜ਼ਨ ਵੇਖੋ, ਕਲੱਬ ਜਾਓ, ਵੈਟਸਐਪ ਕਰੋ, ਫ਼ਿਰ ਵੀ ਬਚਿਆ ਰਹਿੰਦਾ ਹੈ, ਕਿੱਥੇ ਬਿਤਾਉਣ।

ਵਕਤ ਤੁਹਾਡੀ ਵਰਤੋਂ ਕਰ ਰਿਹਾ ਹੈ। ਜੇਕਰ ਤੁਸੀਂ ਮਾਲਿਕ ਹੋ ਤਾਂ ਵਕਤ ਬਹੁਤ ਹੈ। ਜੇਕਰ ਤੁਸੀਂ ਗੁਲਾਮ ਹੋ ਤਾਂ ਵਕਤ ਬਿਲਕੁਲ ਨਹੀਂ ਹੈ। ਗੁਲਾਮ ਦੇ ਕੋਲ ਕੀ ਹੋ ਸਕਦਾ ਹੈ? ਵਕਤ ਵੀ ਨਹੀਂ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਸਮੇਂ ਨਾਲ ਸਾਰਾ ਜਗਤ ਖੇਡ ਰਿਹਾ ਹੈ। ਖਿਡਾਰ ਦੋ ਤਰ੍ਹਾਂ ਦੀ ਚੱਲ ਰਹੀ ਹੈ। ਇੱਕ ਜੋ ਮਾਲਿਕ ਹਨ, ਉਹ ਵਕਤ ਦੀ ਵਰਤੋਂ ਕਰ ਲੈਂਦੇ ਹਨ, ਉਹ ਇਸ ਵਕਤ ਵਿੱਚੋਂ ਹੀ ਉਸ ਨੂੰ ਜਾਨਣ ਦਾ ਰਾਹ ਬਣਾ ਲੈਂਦੇ ਹਨ। ਨਹੀਂ ਤਾਂ ਦੂਜੇ ਲੋਕ ਹਨ, ਜਿਹੜੇ ਵਕਤ ਦੇ ਰਾਹੀਂ ਉਪਯੋਗ ਕਰ ਲਏ ਜਾਂਦੇ ਹਨ।

ਸ਼ੁੱਭ ਅਸ਼ੁੱਭ ਕਰਮ ਉਸਦੇ ਦਰਬਾਰ ਵਿੱਚ ਧਰਮ ਦੇ ਦੁਆਰਾ ਵਾਚੇ ਜਾਂਦੇ ਹਨ। ਸਭ ਦੇ ਆਪਣੇ ਆਪਣੇ ਕਰਮ ਹਨ, ਜਿਸ ਨਾਲ ਕੋਈ ਉਸ ਦੇ ਨੇੜੇ ਹੈ ਅਤੇ ਕੋਈ ਉਸ ਤੋਂ ਦੂਰ ਹੈ। ਪ੍ਰਮਾਤਮਾ ਸਭ ਦੇ ਕੋਲ ਹੈ। ਉਸ ਦੇ ਵਲੋਂ ਤਾਂ ਨਾ ਤੁਸੀਂ ਦੂਰ ਹੋ ਨਾ ਤੁਸੀਂ ਕੋਲ ਹੋ। ਉਹ ਸਾਰਿਆਂ ਦੇ ਕੋਲ ਇੱਕੋ ਜਿਹਾ ਹੈ। ਲੇਕਿਨ ਤੁਹਾਡੀ ਤਰਫੋਂ ਤੁਸੀਂ ਦੂਰ ਹੋ ਜਾਂ ਕੋਲ ਤੁਹਾਡੇ ਕਰਮ ਦੇ ਕਾਰਣ-----

ਤੁਸੀਂ ਜੇਕਰ ਅਜਿਹੇ ਕਰਮ ਕੀਤੇ ਹਨ, ਜਿਹੜੇ ਤੁਹਾਨੂੰ ਸੁਲਾਉਂਦੇ ਹਨ, ਬੇਹੋਸ਼ ਕਰਦੇ ਹਨ, ਤਾਂ ਤੁਸੀਂ ਪਿੱਠ ਕਰਕੇ ਖਲੋਤੇ ਹੋ। ਸੂਰਜ ਉਥੇ ਹੀ ਹੈ, ਤੁਸੀਂ ਪਿੱਠ ਕਰਕੇ ਖਲੋਤੇ ਹੋ। ਤੁਸੀਂ ਜੇਕਰ ਅਜਿਹੇ ਕਰਮ ਕੀਤੇ ਹਨ, ਜਿਹੜੇ ਤੁਹਾਨੂੰ ਜਗਾਉਂਦੇ ਹਨ, ਹੋਸ਼ ਨਾਲ ਭਰਦੇ ਹਨ, ਤਾਂ ਤੁਸੀਂ ਸੂਰਜ ਵੱਲ ਮੂੰਹ ਕਰ ਲਿਆ ਹੈ। ਖਲੋਤੇ ਉਥੇ ਹੀ ਹੋ। ਸੂਰਜ ਵੀ ਉਥੇ ਹੀ ਹੈ, ਫਰਕ ਸਿਰਫ਼ ਪੈ ਜਾਂਦਾ ਹੈ ਕਿ ਤੁਹਾਡੀ ਪਿੱਠ ਸੂਰਜ ਵੱਲ ਹੈ, ਤਾਂ ਬਹੁਤ ਦੂਰ, ਮੂੰਹ ਸੂਰਜ ਵੱਲ ਹੈ ਤਾਂ ਬਹੁਤ ਨੇੜੇ।

ਪ੍ਰਮਾਤਮਾ ਸਦਾ ਤੁਹਾਡੇ ਕੋਲ ਇੱਕੋ ਜਿਹਾ ਹੀ ਹੈ। ਉਸ ਦੀ ਨਜ਼ਰ ਵਿੱਚ ਨਾ ਕੋਈ ਉੱਚਾ ਹੈ, ਨਾ ਕੋਈ ਨੀਵਾਂ ਹੈ। ਨਾ ਕੋਈ ਪਾਤਰ, ਨਾ ਅਪਾਤਰ। ਜੇਕਰ ਤੁਸੀਂ ਅਪਾਤਰ ਹੋ ਤਾਂ ਆਪਣੇ ਹੀ ਕਾਰਣ। ਆਪਣੇ ਵਿੱਚ ਥੋੜ੍ਹਾ ਜਿਹਾ ਫ਼ਰਕ ਕਰੋ, ਅਤੇ ਤੁਸੀਂ ਪਾਤਰ ਹੋ ਜਾਓਗੇ। ਕਿਉਂਕਿ ਜੋ ਪਾਤਰ ਹੈ, ਉਨ੍ਹਾਂ ਵਿੱਚ ਅਤੇ ਤੁਹਾਡੇ ਵਿੱਚ ਇੱਕ ਹੀ ਫ਼ਰਕ ਹੈ, ਉਹ ਪ੍ਰਮਾਤਮਾ ਵੱਲ ਸਨਮੁਖ ਹਨ, ਤੁਸੀਂ ਪ੍ਰਮਾਤਮਾ ਵੱਲ ਬੇਮੁਖ ਹੋ।

ਗੁਰੂ ਨਾਨਕ ਕਹਿੰਦੇ ਹਨ, ਜਿਨ੍ਹਾਂ ਨੇ ਉਸ ਦੇ ਨਾਮ ਦਾ ਧਿਆਨ ਕੀਤਾ, ਅਤੇ ਸਚਾਈ ਨਾਲ ਮਿਹਨਤ ਕੀਤੀ ਉਨ੍ਹਾਂ ਦੇ ਮੁਖ ਉਜਲੇ ਹੁੰਦੇ ਹਨ। ਅਤੇ ਉਨ੍ਹਾਂ ਦੇ ਨਾਲ ਅਨੇਕਾਂ ਮੁਕਤ ਹੁੰਦੇ ਹਨ। ਨਾਨਕ ਕਹਿੰਦੇ ਹਨ, ਜਦ ਵੀ ਕੋਈ ਮੁਕਤ ਹੁੰਦਾ ਹੈ, ਇਕੱਲਾ ਹੀ ਮੁਕਤ ਨਹੀਂ ਹੁੰਦਾ। ਕਿਉਂਕਿ ਮੁਕਤੀ ਏਨੀ ਪਰਮਘਟਨਾ ਹੈ, ਅਜਿਹਾ ਮਹਾਨ ਮੌਕਾ ਹੈ – ਜੋ ਵੀ ਉਸਦੇ ਨੇੜੇ ਹੁੰਦੇ ਹਨ, ਉਹ ਵੀ ਉਸਦੀ ਸੁਗੰਧ ਨਾਲ ਭਰ ਜਾਂਦੇ ਹਨ। ਉਨ੍ਹਾਂ ਦੀ ਜੀਵਨ ਯਾਤ੍ਰਾ ਵੀ ਬਦਲ ਜਾਂਦੀ ਹੈ। ਉਨ੍ਹਾਂ ਨੂੰ ਵੀ ਮੁਕਤੀ ਦਾ ਰਸ ਲੱਗ ਜਾਂਦਾ ਹੈ। ਉਨ੍ਹਾਂ ਨੂੰ ਵੀ ਥੋੜ੍ਹਾ ਜਿਹਾ ਸੁਆਦ ਮਿਲ ਜਾਂਦਾ ਹੈ। ਅਤੇ ਉਹ ਸੁਆਦ ਉਨ੍ਹਾਂ ਦੇ ਪੂਰੇ ਜੀਵਨ ਨੂੰ ਬਦਲ ਦਿੰਦਾ ਹੈ।

ਜਿਨ੍ਹਾਂ ਨੇ ਉਸਦਾ ਧਿਆਨ ਕੀਤਾ, ਅਤੇ ਸਚਾਈ ਨਾਲ ਮਿਹਨਤ ਕੀਤੀ ਉਨ੍ਹਾਂ ਦੇ ਮੁਖ ਉਜਲੇ ਹੁੰਦੇ ਹਨ। ਉਨ੍ਹਾਂ ਦੇ ਅੰਦਰ ਇੱਕ ਪ੍ਰਕਾਸ਼ ਜਗਦਾ ਹੈ। ਅਤੇ ਉਸਦੀ ਰੋਸ਼ਨੀ ਉਨ੍ਹਾਂ ਦੇ ਚੌਹੀ ਪਾਸੇ ਪੈਂਦੀ ਹੈ। ਉਹ ਉਨ੍ਹਾਂ ਨੂੰ ਹੀ ਵਿਖਾਈ ਦੇਂਦੀ ਹੈ ਜਿਨ੍ਹਾਂ ਦੇ ਕੋਲ ਪ੍ਰੇਮ ਭਾਵ ਹੈ, ਸ਼ਰਧਾ ਹੈ। ਉਹ ਉਸ ਜਗੇ ਹੋਏ ਦੀਵੇ ਨਾਲ ਆਪਣਾ ਬੁਝਿਆ ਹੋਇਆ ਦੀਵਾ ਵੀ ਜਗਾ ਲੈਂਦੇ ਹਨ। ਜਦ ਵੀ ਕੋਈ ਇੱਕ ਮੁਕਤ ਹੁੰਦਾ ਹੈ ਤਾਂ ਹਜ਼ਾਰਾਂ ਉਸ ਦੀ ਛਾਂ ਵਿੱਚ ਮੁਕਤ ਹੁੰਦੇ ਹਨ। ਇੱਕ ਵਿਅਕਤੀ ਦੀ ਮੁਕਤੀ ਕਦੇ ਵੀ ਇਕੱਲੀ ਨਹੀਂ ਵਾਪਰਦੀ। ਵਾਪਰ ਹੀ ਨਹੀਂ ਸਕਦੀ। ਕਿਉਂਕਿ ਜਦ ਏਨਾ ਪਰਮ ਅਵਸਰ ਮਿਲਦਾ ਹੈ, ਤਾਂ ਅਜਿਹਾ ਵਿਅਕਤੀ ਬਹੁਤਿਆਂ ਦੇ ਲਈ ਦੁਆਰ ਬਣ ਜਾਂਦਾ ਹੈ।

ਤੁਸੀਂ ਆਪਣੀ ਸ਼ਰਧਾ ਅਤੇ ਭਾਵ ਨੂੰ ਜਗਾਈ ਰੱਖਣਾ ਤਾਂ ਕਿ ਤੁਹਾਨੂੰ ਗੁਰੂ ਪਛਾਣ ਵਿੱਚ ਆ ਸਕੇ। ਅਤੇ ਜਿਸ ਨੇ ਗੁਰੂ ਨੂੰ ਪਛਾਣ ਲਿਆ ਉਸ ਨੇ ਪ੍ਰਮਾਤਮਾ ਦੇ ਹੱਥ ਨੂੰ ਪਛਾਣ ਲਿਆ। ਉਸ ਨੂੰ ਦਰਵਾਜ਼ਾ ਮਿਲ ਗਿਆ। ਅਤੇ ਦਰਵਾਜ਼ਾ ਮਿਲ ਜਾਏ ਤਾਂ ਸਭ ਮਿਲ ਗਿਆ। ਗੁਆਚਿਆ ਤਾਂ ਕਦੇ ਵੀ ਕੁਝ ਨਹੀਂ ਸੀ। ਦਰਵਾਜ਼ੇ ਤੋਂ ਲੰਘ ਕੇ ਤੁਹਾਨੂੰ ਆਪਣੀ ਪਛਾਣ ਆ ਜਾਂਦੀ ਹੈ। ਜਿਹੜਾ ਪ੍ਰਕਾਸ਼ ਸਦਾ ਤੋਂ ਤੁਹਾਡਾ ਹੈ, ਉਸਦੀ ਸੁਰਤ ਆ ਜਾਂਦੀ ਹੈ। ਜੋ ਸੰਪਤੀ ਸਦਾ ਤੋਂ ਤੁਹਾਡੇ ਕੋਲ ਹੈ, ਅਵਿਸ਼ਕਾਰ ਹੋ ਜਾਂਦਾ ਹੈ। ਜੋ ਤੁਸੀਂ ਸਦਾ ਤੋਂ ਹੀ ਸੀ, ਜਿਸ ਨੂੰ ਤੁਸੀਂ ਕਦੇ ਗੁਆਇਆ ਨਹੀਂ ਸੀ। ਗੁਰੂ ਤੁਹਾਨੂੰ ਉਸਦੀ ਪਛਾਣ ਕਰਾ ਦਿੰਦਾ ਹੈ।

SALOK 2

Central Idea: Remembrance is the only Support

Air is like the Guru. Our body is made of soil and wind speaks through it. Birds, animals also speaks but they do not have complete words. They can utter only one or two types of words. The entire communication, discussion is through words only. And utterance of words is because of Air only. The messengers of God also enlighten the world through words. That is why word is the Guru. And God is hidden behind the Word. Those are imbued with Words of Guru know that from the True Lord came the Air, and from the Air came water. From water, He created the entire universe; in each and every heart He has infused His Light. Every thing is produced, born, came from Earth that is why Earth is considered to be Mother of all.

Day and night are the two nurses. And whole world is playing with them. The whole universe is a game involving time. There are two kinds of players: one has turned the servants into masters, and the other has understood the servant to be a servant. Time is not your master but your slave. Make use of it, but do not let it use you. The state of affairs as we see it is just the opposite: time uses us. People want to meditate but have no time. But they have a lot of time to see cinema. Ask these people when they are reading newspaper in the morning, they say just killing the time. These peoples have lot of time and they are just killing. When it comes to meditation, they have no time. And it is the same people! They have a lot of time – watching television, going to movies and clubs, WhatsApp chatting. – and even then, there is a spare time. The question arises how to spend it.

Time is using you. If you are the master, you have all the time at your disposal. If you are a slave, you have no time at all. What can a slave possess? His time is not even his own.

Guru Nanak says all the world plays with them. There are two types of play going on: in one, he who is the master utilizes his time to find the path to the One beyond time, which is meditation; the others are to be utilized by time.

Good and bad deeds are read out in His court by Dharma. And our own actions determine whether we are near to Him or far. God is near to everyone. For Him you are neither near nor far. He is equally near to everybody. It is you who are either near or far from Him. Your actions take you either closer to him or

further away. If your actions are such that they make you insensitive and unfeeling, then you are standing with your back towards Him. The sun is the same whether you face towards it or away from it. If your actions are such that it has filled you with consciousness, awareness, wakefulness, then you are facing the sun. You are the same; the sun is the sun. The difference is wrought by the direction you choose.

God is consistently near you, Guru Nanak says, no one is high, no one is low in his eyes; no one is worthy, no one unworthy. If you are unworthy, you are the cause of your unworthiness. Bring about a little change within yourself and you shall become worthy. For there is only one difference between you and the worthy; the worthy person stands facing towards God, while the unworthy stands with their backs to Him.

Guru Nanak says, those who meditate on His name and labour sincerely earns merit. Their faces are radiant with success, and many others are liberated by contact with them. Guru Nanak says whenever a person becomes liberated many others are liberated by contact with them. Liberation is such a great and superb occurrence and it is such a beatific occasion – even a single person's liberation – that whoever comes near him is filled with his fragrance, and his life journey changes. Whoever comes near him is infected by the flavor of liberation, they get a taste of it, which, though very little, can bring a complete change into a life that has until now been mundane and worldly.

Guru Nanak says, those who meditate on His name and labour sincerely earns merit. A light shine within them and its rays spread out from within them to everyone around. Look with love and faith at such a person and you will see it. If you see with a worshipful eye, you will soon recognize it. This aura cannot be seen by all; it can be seen only by those who have faith. And those who can see this aura light their own darkened lamp with the lamp of such a one; whenever a single person attains salvation, thousands who stand within his shadow are also liberated. Liberation never takes place for one single person, because when this supreme moment arrives he becomes a gate for many others.

Keep awakening your faith and your feelings so that you can recognize the guru when he comes. He who has recognized the guru, has discovered the hand of God; he has found the gate, and once the gate is found, everything is attained. You have never lost anything, everything is intact within you, and when you pass through the gate you recognize your own being. You reawaken to the light,

the brilliance that is yours. What treasures you always held within you are now unfolded. The guru acquaints you with the self that you always were.